# ਵਾਤਾਵਰਣ ਦੀ ਸੁਰੱਖਿਆ ਲਈ ਕੰਮ

# ਸਟੌਰਮਵਾਟਰ ਤਲਾਬ ਦੇਖਭਾਲ

## ਤੁਹਾਡੇ ਸਟੌਰਮਵਾਟਰ ਚਾਰਜ ਨੂੰ ਇਸ ਤਰ੍ਹਾਂ ਵਰਤਿਆ ਜਾਂਦਾ ਹੈ

ਹੋਰ ਵੇਰਵਿਆਂ ਲਈ,
**brampton.ca/stormwater**
ਤੇ ਜਾਓ

ਇਸ ਪ੍ਰੋਜੈਕਟ ਬਾਰੇ ਹੋਰ ਜਾਣਕਾਰੀ ਲਈ, ਪਬਲਿਕ ਵਰਕਸ ਐਂਡ ਇੰਜੀਨੀਅਰਿੰਗ ਡਿਪਾਰਟਮੈਂਟ ਨੂੰ

**3-1-1**

ਤੇ ਫੋਨ ਕਰੋ

BRAMPTON

# ਸਟੌਰਮਵਾਟਰ ਤਲਾਬ ਕੀ ਕਰਦੇ ਹਨ?

ਸਟੌਰਮਵਾਟਰ, ਜਿਸਨੂੰ ਰਨਆਫ ਵੀ ਕਿਹਾ ਜਾਂਦਾ ਹੈ, ਵਰਖਾ ਅਤੇ ਪਿਘਲੀ ਹੋਈ ਬਰਫ ਹੈ, ਜੋ ਸਾਡੀਆਂ ਪ੍ਰਾਪਰਟੀਜ ਤੋਂ ਸਾਡੀਆਂ ਸੜਕਾਂ ਵਿੱਚ ਵਹਿ ਕੇ, ਸਿਟੀ ਦੇ ਸਟੌਰਮਵਾਟਰ ਨਿਕਾਸੀ ਸਿਸਟਮ ਵਿੱਚ ਜਾਂਦੀ ਹੈ।

ਸਟੌਰਮਵਾਟਰ ਨਿਕਾਸੀ ਸਿਸਟਮ ਵੱਲੋਂ ਇਕੱਠੇ ਕੀਤੇ ਰਨਆਫ ਨੂੰ ਸਿੱਧੇ, ਨਦੀ ਜਾਂ ਸਟ੍ਰੀਮ ਵਿੱਚ ਜਾਂ ਸਟੌਰਮਵਾਟਰ ਤਲਾਬ ਵਿੱਚ ਲਿਆਂਦਾ ਜਾਂਦਾ ਹੈ।

ਸਟੌਰਮਵਾਟਰ ਤਲਾਬ ਦੀ ਉਸਾਰੀ, ਰਨਆਫ ਪ੍ਰਾਪਤ ਕਰਨ ਅਤੇ ਇਸਨੂੰ ਅਸਥਾਈ ਤੌਰ ਤੇ ਸਟੋਰ ਕਰਨ ਲਈ ਕੀਤੀ ਜਾਂਦੀ ਹੈ। ਤਲਾਬ ਦੇ ਪਾਣੀ ਨੂੰ ਬਾਅਦ ਵਿੱਚ ਹੌਲੀ-ਹੌਲੀ ਰਿਲੀਜ ਕੀਤਾ ਜਾਂਦਾ ਹੈ, ਤਾਂ ਜੋ ਇਹ ਹੜ੍ਹ ਜਾਂ ਕਾਟ ਦਾ ਕਾਰਨ ਨਾ ਬਣੇ।

ਸਟੌਰਮਵਾਟਰ ਤਲਾਬ, ਲੋਕਲ ਖਾੜੀਆਂ ਅਤੇ ਨਦੀਆਂ ਦੀ ਸੁਰੱਖਿਆ ਵਿੱਚ ਵੀ ਮਦਦ ਕਰਦੇ ਹਨ, ਕਿਉਂਕਿ ਸਟੌਰਮਵਾਟਰ ਰਨਆਫ ਵਿੱਚ ਆਉਣ ਵਾਲੇ ਦੂਸ਼ਿਤ ਪਦਾਰਥ ਤਲਾਬ ਦੇ ਤਲ ਤੇ ਡਿੱਗਦੇ ਹਨ, ਜਿਸਦੇ ਨਤੀਜੇ ਵਜੋਂ ਸਾਫ ਪਾਣੀ ਵਾਤਾਵਰਣ ਵਿੱਚ ਛੱਡਿਆ ਜਾਂਦਾ ਹੈ।

ਤਲਾਬ ਦੀ ਦੇਖਭਾਲ (ਸਫਾਈ) ਵਿੱਚ ਤਲਾਬ ਦੇ ਤਲ ਤੇ ਇਕੱਠੇ ਹੋਏ ਦੂਸ਼ਿਤ ਪਦਾਰਥਾਂ ਨੂੰ ਕੱਢਣਾ ਸ਼ਾਮਲ ਹੈ, ਤਾਂ ਜੋ ਤਲਾਬ ਸਥਾਨਕ ਖਾੜੀਆਂ ਅਤੇ ਨਦੀਆਂ ਦੀ ਸੁਰੱਖਿਆ ਕਰਦਾ ਰਹੇ।

ਇਸ ਪ੍ਰਕਾਰ ਦੀ ਸਫਾਈ ਹਰੇਕ **5** ਤੋਂ **15** ਦਿਨਾਂ ਵਿੱਚ ਇੱਕ ਵਾਰ ਹੁੰਦੀ ਹੈ, ਇਸ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਕਿਸੇ ਖਾਸ ਤਲਾਬ ਵਿੱਚ ਕਿੰਨੀ ਜਲਦੀ ਤਲਛਟ ਇਕੱਠੀ ਹੁੰਦੀ ਹੈ।